## ਭਾਈਆ ਜੈਰਾਮ ਜੀ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਗੁਰੂ-ਇਤਿਹਾਸ ਦੀਆਂ ਪੁਸਤਕਾਂ ਇਹ ਸੰਕੇਤ ਕਰਦੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ ਗੁਰੂ ਜੀ ਤੋਂ ਪ੍ਰਸੰਨ ਨਹੀਂ ਸਨ। ਇਸ ਦਾ ਕਾਰਣ ਇਹ ਸੀ ਕਿ ਗੁਰੂ ਸਾਹਿਬ ਜੀ ਮਹਿਤਾ ਕਾਲੂ ਜੀ ਦੇ ਕਹੇ ਅਨੁਸਾਰ ਦੁਨੀਆਵੀ ਕਾਰ-ਵਿਹਾਰ ਵਿੱਚ ਰੁਚੀ ਨਹੀਂ ਸਨ ਵਿਖਾ ਰਹੇ। ਗੁਰੂ ਜੀ ਦੀਆਂ ਸਾਖੀਆਂ ਸਾਨੂੰ ਦੱਸਦੀਆਂ ਹਨ ਕਿ ਗੁਰੂ ਜੀ ਨੇ ਮੱਝਾਂ ਚਾਰੀਆਂ, ਪਰ ਇਸ ਕੰਮ ਵਿੱਚ ਬਹੁਤ ਚਿਰ ਨਾ ਰਹਿ ਸਕੇ। ਫਿਰ ਮਹਿਤਾ ਕਾਲੂ ਜੀ ਨੇ ਉਨ੍ਹਾਂ ਨੂੰ ਦੁਕਾਨਦਾਰੀ ਲਈ ਪ੍ਰੇਰਿਤ ਕਰਨ ਲਈ ਧਨ ਦੇ ਕੇ ਭੇਜਿਆ, ਪਰ ਆਪ ਜੀ ਨੇ ਭੁੱਖੇ ਸਾਧੂਆਂ ਨੂੰ ਭੋਜਨ ਕਰਾ ਦੇਣਾ ਹੀ ਉਚਿੱਤ ਸਮਝਿਆ। ਪੁਸਤਕਾਂ ਕਹਿੰਦੀਆਂ ਹਨ ਕਿ ਭੁੱਖੇ ਸਾਧੂਆਂ ਨੂੰ ਭੋਜਨ ਕਰਾ ਦੇਣ ਕਾਰਣ ਮਹਿਤਾ ਕਾਲੂ ਜੀ ਨੇ ਗੁਰੂ ਸਾਹਿਬ ਜੀ ਨੂੰ ਥੱਪੜ ਮਾਰਣ ਤੋਂ ਵੀ ਗੁਰੇਜ਼ ਨਹੀਂ ਸੀ ਕੀਤਾ। ਗੁਰੂ ਜੀ ਨੂੰ ਬੀਮਾਰ ਸਮਝ ਕੇ ਵੈਦ ਵੀ ਬੁਲਾਇਆ ਗਿਆ, ਪਰ ਨਤੀਜਾ ਮਹਿਤਾ ਕਾਲੂ ਜੀ ਦੀ ਆਸ ਅਨੁਸਾਰ ਨਾ ਰਿਹਾ।

ਜਦੋਂ ਗੁਰੂ ਜੀ ਨੇ ਸੋਨੇ ਦੀ ਇੱਕ ਅੰਗੂਠੀ ਤੇ ਇੱਕ ਗੜਵਾ ਇੱਕ ਸਾਧ ਨੂੰ ਫੜਾ ਦਿੱਤਾ, ਤਾਂ ਕਾਲੂ ਜੀ ਦਾ ਕ੍ਰੋਧ ਫਿਰ ਭੜਕਿਆ। ਨਤੀਜਾ ਇਹ ਹੋਇਆ ਕਿ ਗੁਰੂ ਜੀ ਨੂੰ ਫਿਰ ਕੌੜੇ ਬੋਲ ਸੁਣਨੇ ਪਏ।

ਇਹ ਸਭ ਗੱਲਾਂ ਸੁਲਤਾਨਪੁਰ ਲੋਧੀ ਵਿੱਚ ਰਹਿੰਦੀ ਪ੍ਰਭੂ ਦੀ ਇੱਕ ਬਖ਼ਸ਼ੀ ਰੂਹ ਨੂੰ ਵੀ ਪਤਾ ਲੱਗੀਆਂ। ਇਨ੍ਹਾਂ ਦਾ ਨਾਮ ਸ੍ਰੀ ਜੈਰਾਮ ਜੀ ਸੀ। ਕਈ ਗੁਰਸਿੱਖ ਇਨ੍ਹਾਂ ਨੂੰ ਭਾਈਆ ਜੈ ਰਾਮ ਜੀ ਆਖ ਕੇ ਵੀ ਚੇਤੇ ਕਰਦੇ ਹਨ। ਗੁਰੂ ਸਾਹਿਬ ਜੀ ਦੀ ਇੱਕਲੌਤੀ ਭੈਣ ਬੇਬੇ ਨਾਨਕੀ ਜੀ ਦਾ ਵਿਆਹ ਇਨ੍ਹਾਂ ਨਾਲ ਹੀ ਹੋਇਆ ਸੀ।

ਬੇਬੇ ਨਾਨਕੀ ਜੀ ਦੇ ਵਿਆਹ ਤੋਂ ਬਾਅਦ ਪਿਤਾ ਮਹਿਤਾ ਕਾਲੂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਭੇਜਿਆ, ਤਾਂ ਕਿ ਉਹ ਬੇਬੇ ਜੀ ਨੂੰ ਕੁੱਝ ਦਿਨਾਂ ਲਈ ਪੇਕੇ ਪਿੰਡ ਤਲਵੰਡੀ (ਹੁਣ ਸ੍ਰੀ ਨਨਕਾਣਾ ਸਾਹਿਬ ਜੀ) ਲੈ ਆਉਣ। ਅਜਿਹਾ ਰਿਵਾਜ਼ ਸੀ ਕਿ ਭਰਾ ਆਪਣੀ ਭੈਣ ਦੇ ਵਿਆਹ ਮਗਰੋਂ ਭੈਣ ਨੂੰ ਲੈਣ ਵਾਸਤੇ ਉਸ ਦੇ ਸਹੁਰੇ ਪਿੰਡ ਜਾਂਦਾ ਸੀ।

ਗੁਰੂ ਸਾਹਿਬ ਜੀ ਵੀ ਆਪਣੀ ਭੈਣ ਨੂੰ ਲੈਣ ਲਈ ਸੁਲਤਾਨਪੁਰ ਪੁੱਜ ਗਏ । ਪਰ ਭਾਈਆ ਜੈ ਰਾਮ ਜੀ ਤਾਂ ਆਪਣੇ ਮਨ ਵਿੱਚ ਕੁੱਝ ਹੋਰ ਹੀ ਧਾਰੀ ਬੈਠੇ ਸਨ । ਬਜਾਇ ਇਸ ਦੇ ਕਿ ਉਹ ਬੇਬੇ ਨਾਨਕੀ ਜੀ ਨੂੰ ਗੁਰੂ ਸਾਹਿਬ ਜੀ ਦੇ ਨਾਲ ਭੇਜ ਦੇਣ, ਉਹਨਾਂ ਦਾ ਇਰਾਦਾ ਸੀ ਕਿ ਗੁਰੂ ਸਾਹਿਬ ਜੀ ਨੂੰ ਵੀ ਸੁਲਤਾਨਪੁਰ ਹੀ ਰੱਖ ਲਿਆ ਜਾਏ । ਜਦੋਂ ਗੁਰੂ ਸਾਹਿਬ ਨੇ ਭਾਈਆ ਜੀ ਨੂੰ ਕਿਹਾ ਕਿ ਬੇਬੇ ਨਾਨਕੀ ਜੀ ਨੂੰ ਉਨ੍ਹਾਂ ਨਾਲ ਵਿਦਾ ਕਰਨ, ਗੁਰੂ ਨਾਨਕ ਦੇ ਪ੍ਰੇਮ ਵਿੱਚ ਡੁੱਬੇ ਭਾਈਆ ਜੀ ਬੋਲ ਉਠੇ, "ਮੇਰੇ ਧਾਮ ਰਹੋ, ਸੇਵਾ ਕਰੋਂ ਜੋਊ ਕਹੋ ਤੁਮ, ਸੰਤ ਰੂਪ ਦੇਖੇ ਤੇ ਕਲੁਖ ਦੁਖ ਖੋਤਿ ਹੈਂ" ।[੧] "ਤੁਸੀਂ ਮੇਰੇ ਘਰ ਵਿੱਚ ਹੀ ਰਹੋ । ਜੋ ਤੁਸੀਂ ਕਹੋਗੇ, ਮੈਂ ਉਹ ਹੀ ਸੇਵਾ ਕਰਾਂਗਾ । ਸੰਤ ਦਾ ਰੂਪ ਦੇਖਣ ਨਾਲ, ਸੰਤ ਦੇ ਦਰਸ਼ਨ ਕਰਨ ਨਾਲ ਮਲੀਨਤਾ ਤੇ ਦੁਖਾਂ ਦਾ ਨਾਸ ਹੁੰਦਾ ਹੈ" ।

ਭਾਈਆ ਜੈ ਰਾਮ ਜੀ ਦੇ ਪਿਤਾ ਜੀ ਪਰਮਾਨੰਦ ਜੀ ਨੇ ਆਪਣੇ ਪੁੱਤਰ ਨੂੰ ਆਖਿਆ, "ਇਸ ਵਾਰ ਇਨ੍ਹਾਂ ਨੂੰ ਵਾਪਿਸ ਜਾਣ ਦਿਉ, ਕਿਉਂਕਿ ਇਨ੍ਹਾਂ ਦੇ ਮਾਤਾ-ਪਿਤਾ ਨੇ ਉਨ੍ਹਾਂ ਨੂੰ ਨਾਨਕੀ ਜੀ ਨੂੰ ਲੈਣ ਭੇਜਿਆ ਹੈ । ਇਸ ਵੇਲੇ ਇਨ੍ਹਾਂ ਦਾ ਜਾਣਾ ਹੀ ਉਚਿਤ ਹੈ । ਅਗਲੀ ਵੇਰ ਜਦੋਂ ਇਹ ਸੁਲਤਾਨਪੁਰ ਆਉਣ, ਤਾਂ ਇਨ੍ਹਾਂ ਨੂੰ ਸੁਲਤਾਨਪੁਰ ਹੀ ਰੱਖ ਲੈਣਾ" ।

ਰਿਵਾਜ਼ ਮੁਤਾਬਿਕ, ਬਾਅਦ ਵਿੱਚ ਭਾਈਆ ਜੈ ਰਾਮ ਜੀ ਤਲਵੰਡੀ ਆ ਕੇ ਬੇਬੇ ਨਾਨਕੀ ਜੀ ਨੂੰ ਵਾਪਿਸ ਸੁਲਤਾਨਪੁਰ ਲੈ ਗਏ ।

ਪਰ, ਪ੍ਰਭੂ ਦੀ ਬਖ਼ਸ਼ੀ ਰੂਹ ਤਾਂ ਗੁਰੂ ਸਾਹਿਬ ਜੀ ਦੇ ਪ੍ਰੇਮ ਵਿੱਚ ਡੁੱਬੀ ਸੁਲਤਾਨਪੁਰ ਵਿੱਚ ਬੇਚੈਨ ਹੀ ਰਹੀ ਹੋਏਗੀ । ਜਦੋਂ ਗੁਰੂ-ਪ੍ਰੇਮ ਵਿੱਚ ਡੁੱਬੇ ਭਾਈਆ ਜੈ ਰਾਮ ਜੀ ਨੇ ਸੁਣਿਆ ਕਿ ਗੁਰੂ ਜੀ ਨੂੰ ਆਪਣੇ ਪਿਤਾ ਜੀ ਪਾਸੋਂ ਕੌੜੇ ਬੋਲ ਸੁਣਨੇ ਪੈ ਰਹੇ ਹਨ, ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਲਿੱਖਿਆ ਕਿ ਉਹ ਉਨ੍ਹਾਂ ਨੂੰ ਸੁਲਤਾਨਪੁਰ ਆ ਕੇ ਮਿਲਣ ।

ਪਤਾ ਨਹੀਂ, ਉਹ ਪਲ ਕੈਸੇ ਸਨ, ਜਦੋਂ ਭਾਈਆ ਜੀ ਨੇ ਗੁਰੂ ਜੀ ਨੂੰ ਸੁਲਤਾਨਪੁਰ ਆਉਣ ਲਈ ਲਿੱਖਿਆ ! ਭਾਈਆ ਜੀ ਦੀ ਉਸ ਲਿੱਖਤ ਵਿੱਚ ਪਤਾ ਨਹੀਂ ਕੀ _ਕੀ ਲਿੱਖਿਆ ਹੋਇਆ ਸੀ ! ਭਾਈਆ ਜੀ ਨੇ ਆਪਣੇ ਉਹ ਦਿਲੀ ਵਲਵਲੇ ਕਿਨ੍ਹਾਂ ਸ਼ਬਦਾਂ ਵਿੱਚ ਅੰਕਿਤ ਕੀਤੇ ਹੋਣਗੇ ? ਉਮਰ ਵਿੱਚ ਗੁਰੂ ਜੀ ਤੋਂ ਵੱਡੇ ਭਾਈਆ ਜੀ ਨੇ ਆਖ਼ਿਰ ਅਜਿਹਾ ਕੀ ਲਿੱਖ ਦਿੱਤਾ ਸੀ ਕਿ ਬੇਪਰਵਾਹ ਸਤਿਗੁਰੂ ਫ਼ੌਰਨ ਹੀ ਸੁਲਤਾਨਪੁਰ ਲੋਧੀ ਜਾਣ ਲਈ ਤਿਆਰ ਹੋ ਗਏ ? ਜੋ ਵੀ ਹੋਏ, ਇੰਨਾ ਤਾਂ ਜ਼ਰੂਰ ਸੀ ਕਿ ਇਹ ਇੱਕ ਪ੍ਰੇਮੀ ਵੱਲੋਂ ਲਿੱਖੀ ਬੇਨਤੀ ਸੀ, ਜੋ ਨਾ ਕੇਵਲ ਪੜ੍ਹੀ ਹੀ ਗਈ, ਬਲਕਿ ਪ੍ਰੇਮ ਦੇ ਤਖ਼ਤ ਉਤੈ ਬਿਰਾਜਮਾਨ ਮਸਤਾਨੇ ਰਾਜ ਯੋਗੀ ਸਤਿਗੁਰੂ ਵੱਲੋਂ ਮਨਜ਼ੂਰ ਵੀ ਕੀਤੀ ਗਈ ।

---

[੧] **ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਜਾਯ ੧੬.**

ਗੁਰੂ ਸਾਹਿਬ ਜੀ ਦੇ ਪਰਿਵਾਰ ਵਾਲੇ ਆਖਣ ਲੱਗੇ, "ਜੇ ਇਹ ਸੁਲਤਾਨਪੁਰ ਜਾਏ, ਤਾਂ ਭਲਾ ਹੈ । ਸ਼ਾਇਦ ਇਸ ਦਾ ਮਨ ਉਥੈਂ ਟਿੱਕ ਜਾਏ ।" ਹਾਂ, ਮਾਤਾ ਤ੍ਰਿਪਤਾ ਜੀ ਗੁਰੂ ਸਾਹਿਬ ਨੂੰ ਆਪਣੇ ਤੋਂ ਦੂਰ ਨਹੀਂ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਇਹ ਜੁਦਾਈ ਬਰਦਾਸ਼ਤ ਕਰਨੀ ਹੀ ਪਈ ।

ਗੁਰੂ ਸਾਹਿਬ ਜੀ ਸੁਲਤਾਨਪੁਰ ਜਾ ਪੁੱਜੇ । ਭਾਈਆ ਜੈ ਰਾਮ ਜੀ ਦਾ ਘਰ ਹੁਣ ਮਹਿਜ਼ ਘਰ ਹੀ ਨਹੀ ਸੀ ਰਹਿਣਾ । ਇਹ 'ਘਰ' ਹੁਣ 'ਗੁਰੂ-ਘਰ' ਵਿੱਚ ਤਬਦੀਲ ਹੋਣ ਹੀ ਵਾਲਾ ਸੀ । ਇਹ ਘਰ ਇੱਕ ਇਤਿਹਾਸਿਕ ਯਾਦਗਾਰ ਬਣ ਕੇ ਕਰੋੜਾਂ ਗੁਰਸਿੱਖਾਂ ਦੀ ਸ਼ਰਧਾ ਦਾ ਪਾਤਰ ਬਣਨ ਵਾਲਾ ਸੀ ।

ਬੇਬੇ ਨਾਨਕੀ ਨੇ ਗੁਰੂ ਸਾਹਿਬ ਜੀ ਦੇ ਚਰਨਾਂ 'ਤੇ ਸੀਸ ਰੱਖ ਦਿੱਤਾ । ਹਾਲਾਂਕਿ ਉਹ ਗੁਰੂ ਸਾਹਿਬ ਜੀ ਤੋਂ ਉਮਰ ਵਿੱਚ ਵੱਡੇ ਸਨ, ਪਰ ਉਨ੍ਹਾਂ ਨੇ ਆਪਣੇ ਛੋਟੇ ਵੀਰ ਨੂੰ ਭਰਾ ਨਾ ਸਮਝ ਕੇ, ਗੁਰੂ ਜਾਣਿਆ ਹੋਇਆ ਸੀ । ਜਦੋਂ ਭਾਈਆ ਜੈਰਾਮ ਜੀ ਘਰ ਆਏ, ਤਾਂ ਗੁਰੂ ਸਾਹਿਬ ਜੀ ਆਪਣੇ ਜੀਜਾ ਜੀ ਨੂੰ ਵੰਦਨਾ ਕਰਨ ਲਈ ਉਠੈ । ਭਾਈਆ ਜੀ ਨੇ ਫ਼ੌਰਨ ਹੀ ਗੁਰੂ ਜੀ ਨੂੰ ਰੋਕ ਕੇ ਖ਼ੁਦ ਗੁਰੂ ਜੀ ਨੂੰ ਪ੍ਰਣਾਮ ਕੀਤੀ । ਆਪਣੇ ਘਰ ਵਿੱਚ ਗੁਰੂ ਜੀ ਨੂੰ ਦੇਖ ਕੇ ਪ੍ਰੇਮ-ਪੁਜਾਰੀ ਭਾਈਆ ਜੀ ਬੋਲ ਉਠੈ, "ਹਰ ਰੋਜ਼ ਹੀ ਤੁਹਾਨੂੰ ਮੈਂ ਉਡੀਕਦਾ ਰਹਿੰਦਾ ਸੀ । ਤੁਸੀਂ ਅੱਜ ਆ ਕੇ ਮੈਂਨੂੰ ਨਿਹਾਲ ਕੀਤਾ ਹੈ । ਮੇਰਾ ਘਰ ਪਵਿੱਤਰ ਹੋ ਗਿਆ ਹੈ । ਤੁਸੀਂ ਸੰਤ-ਰੂਪ ਹੋ । ਤੁਸੀਂ ਅਨੂਪਮ ਹੋ । ਤੁਸੀਂ ਦਇਆਲ ਹੋ । ਇਹ ਤੁਹਾਡਾ ਆਪਣਾ ਹੀ ਘਰ ਹੈ । ਹੁਣ ਇੱਥੇ ਹੀ ਰਹੋ । ਸਤਿਸੰਗ ਕਰੋ । ਪ੍ਰਭੂ-ਨਾਮ ਦਾ ਉਚਾਰਣ ਕਰੋ" ।

ਬੇਬੇ ਨਾਨਕੀ ਜੀ ਤੇ ਭਾਈਆ ਜੈਰਾਮ ਜੀ ਨੇ ਗੁਰੂ ਸਾਹਿਬ ਜੀ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ । ਗੁਰੂ ਸਾਹਿਬ ਜੀ ਸੁਲਤਾਨਪੁਰ ਵਿੱਚ ਘੁੰਮਦੇ । ਲੋਕਾਂ ਨਾਲ ਵਚਨ-ਵਿਲਾਸ ਕਰਦੇ । ਸੰਸਾਰ ਦੇ ਲੋਕਾਂ ਨੂੰ ਤਾਰਨ ਲਈ ਆਏ ਸਤਿਗੁਰੂ ਨੇ ਕੁੱਝ ਸਮੇਂ ਬਾਅਦ ਭਾਈਆ ਜੈਰਾਮ ਜੀ ਨੂੰ ਕਿਹਾ, "ਵੀਚਾਰਵਾਨ ਕਹਿੰਦੇ ਹਨ ਕਿ ਕੰਮ-ਕਾਜ ਤੋਂ ਬਿਨ੍ਹਾਂ ਵਿਅਕਤੀ ਭਲਾ ਨਹੀਂ ਸਮਝਿਆ ਜਾਂਦਾ । ਮੈਂਨੂੰ ਕੋਈ ਕੰਮ ਦੱਸੋ, ਜਿਸ ਨੂੰ ਕਰ ਕੇ ਮੈਂ ਸਮਾਂ ਬਤੀਤ ਕਰ ਸਕਾਂ"।

ਮਹਿਤਾ ਕਾਲੂ ਜੀ ਦੀ ਇੱਛਾ ਤਾਂ ਸੀ ਕਿ ਗੁਰੂ ਜੀ ਦੁਨੀਆਵੀ ਧਨ-ਦੌਲਤ ਕਮਾਉਣ । ਗੁਰੂ ਜੀ ਨੂੰ ਇਸ ਰਾਹ ਪਾਉਣ ਲਈ ਮਹਿਤਾ ਕਾਲੂ ਜੀ ਨੇ ਬਥੇਰੇ ਯਤਨ ਕੀਤੇ । ਸੁਲਤਾਨਪੁਰ ਭੇਜਣ ਲੱਗਿਆਂ ਵੀ ਪਿਤਾ ਕਾਲੂ ਜੀ ਨੇ ਇਹ ਹੀ ਸੋਚਿਆ ਹੋਏਗਾ ਕਿ ਉਥੈਂ ਜਾ ਕੇ ਗੁਰੂ ਜੀ ਧਨ ਕਮਾਉਣ ਪ੍ਰਤੀ ਰੁਚੀ ਵਿਖਾਉਣਗੇ, ਪਰ ਭਾਈਆ ਜੈਰਾਮ ਜੀ ਨੇ ਗੁਰੂ ਜੀ ਨੂੰ ਦੁਨੀਆਵੀ ਧਨ ਕਮਾਉਣ ਲਈ ਨਹੀਂ ਬੁਲਾਇਆ ਸੀ । ਦੁਨੀਆਵੀ ਧਨ ਦੀ ਕੋਈ ਕਮੀ ਭਾਈਆ ਜੀ ਨੂੰ ਸੀ ਵੀ ਨਹੀਂ । ਉਹ ਨਵਾਬ ਦੌਲਤ ਖ਼ਾਨ ਦੇ ਦਰਬਾਰ ਵਿੱਚ ਚੰਗੇ ਅਹੁਦੇ 'ਤੇ ਸਨ । ਧਨ ਦੀ ਕਮੀ ਤਾਂ ਪਿਤਾ ਕਾਲੂ ਜੀ ਨੂੰ ਵੀ ਨਹੀਂ ਸੀ, ਪਰ ਭਾਈਆ ਜੈਰਾਮ ਜੀ ਸੰਤੋਖੀ ਪੁਰਖ ਸਨ ।

ਭਾਈਆ ਜੈਰਾਮ ਜੀ ਨੇ ਤਾਂ ਗੁਰੂ ਜੀ ਨੂੰ ਸੁਲਤਾਨਪੁਰ ਇਸ ਲਈ ਸੱਦਿਆ ਸੀ ਕਿ ਗੁਰੂ ਸਾਹਿਬ ਭਜਨ-ਬੰਦਗੀ ਕਰਨ, ਨਾਮ-ਦਾਨ ਕਰਨ ਤੇ ਅਜਿਹਾ ਕਰਦਿਆਂ ਉਨ੍ਹਾਂ ਨੂੰ ਕੋਈ ਰੁਕਾਵਟ ਨਾ ਆਏ । ਹੁਣ, ਜਦੋਂ

ਗੁਰੂ ਸਾਹਿਬ ਜੀ ਨੇ ਕੋਈ ਕੰਮ-ਕਾਜ ਕਰਨ ਦੀ ਗੱਲ ਆਖੀ, ਤਾਂ ਬੇਬੇ ਨਾਨਕੀ ਜੀ ਬੋਲੇ, "ਤੁਸੀਂ ਸੰਤਾਂ ਨਾਲ ਚਰਚਾ ਕਰੋ । ਤੁਸੀਂ ਜਗਤ ਦੇ ਮਾਲਿਕ ਹੋ । ਸਭਨਾਂ ਨੂੰ ਦਾਤਾਂ ਦੇਣ ਵਾਲੇ ਹੋ । ਤੁਹਾਡੀ ਕਿਰਪਾ ਕਰਕੇ ਹੀ ਘਰ ਵਿੱਚ ਧਨ ਤੇ ਅੰਨ ਦੀ ਕਮੀ ਨਹੀਂ । ਜਿੰਨਾ ਚਾਹੋ, ਖ਼ਰਚ ਕਰੋ" ।

ਭਾਈਆ ਜੈਰਾਮ ਜੀ ਵੀ ਗੁਰੂ ਸਾਹਿਬ ਜੀ ਨੂੰ ਆਖਣ ਲੱਗੇ, "ਜੋ ਤੁਹਾਡੀ ਇੱਛਾ ਹੋਏ, ਤੁਸੀਂ ਘਰੋਂ ਲੈ ਲਵੋ । ਸੰਸਾਰ ਦੇ ਝੂਠੇ ਕੰਮ-ਕਾਜ ਤੁਹਾਡੇ ਲਈ ਨਹੀਂ ਹਨ । ਤੁਸੀਂ ਕਿਉਂ ਅਜਿਹੇ ਕੰਮਾਂ ਵਿੱਚ ਉਲਝਦੇ ਹੋ? ਇਹ ਤਾਂ ਮੇਰੇ ਵਰਗੇ ਨਿਰਲੱਜ ਵਿਅਕਤੀ ਹੀ ਹਨ, ਜੋ ਪ੍ਰਭੂ ਨੂੰ ਭੁਲਾ ਕੇ ਆਪਣੇ ਕੰਮਾਂ ਵਿੱਚ ਫਸੇ ਹੋਏ ਹਨ । ਤੁਸੀਂ ਘਰ ਵਿੱਚ ਹੀ ਰਹੋ । ਪ੍ਰਭੂ ਦੇ ਨਾਮ ਦੀ ਵਡਿਆਈ ਕਰੋ । ਤੁਸੀਂ ਮੈਂਨੂੰ ਇਹ ਸੁੱਖ ਹੀ ਦਿੰਦੇ ਰਹੋ" ।

ਅਜਿਹੀ ਗੱਲ ਕੋਈ ਸਾਧਾਰਣ ਵਿਅਕਤੀ ਨਹੀਂ ਆਖ ਸਕਦਾ । ਅਜਿਹਾ ਤਾਂ ਉਹ ਹੀ ਕਹਿ ਸਕਦਾ ਹੈ, ਜੋ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਰੂਹਾਨੀਅਤ ਨੂੰ ਸਹੀ ਅਰਥਾਂ ਵਿੱਚ ਪਹਿਚਾਣ ਗਿਆ ਹੋਏ । ਅਜਿਹੀ ਗੱਲ ਕੋਈ ਦੁਨੀਆਵੀ ਰਿਸ਼ਤੇਦਾਰ ਨਹੀਂ ਕਹਿ ਸਕਦਾ, ਬਲਕਿ ਇਹ ਤਾਂ ਗੁਰੂ ਦੇ ਸਿੱਖ ਦੇ ਵਚਨ ਹੀ ਹੋ ਸਕਦੇ ਹਨ । ਹਾਂ, ਇਹ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਿੱਖ ਦੇ ਹੀ ਬੋਲ ਹਨ ।

ਸਤਿਗੁਰੂ ਜੀ ਨੇ ਜਦੋਂ ਕਿਰਤ ਕਰਨ ਦੀ ਮਹੱਤਤਾ ਦਰਸਾਈ ਤੇ ਜੈਰਾਮ ਜੀ 'ਤੇ ਜ਼ੋਰ ਪਾਇਆ, ਤਾਂ ਜੈਰਾਮ ਜੀ ਨੇ ਪੁੱਛਿਆ, "ਜੋ ਤੁਹਾਡਾ ਹੁਕਮ ਹੋਏ, ਮੈਂ ਉਸ ਦੀ ਪਾਲਣਾ ਕਰਾਂਗਾ । ਜੇ ਤੁਸੀਂ ਲੇਖਾ ਜਾਣਦੇ ਹੋ, ਤਾਂ ਤੁਹਾਨੂੰ ਲੇਖੇ ਦਾ ਕੰਮ ਸੌਂਪ ਦਿੰਦੇ ਹਾਂ?"

ਗੁਰੂ ਜੀ ਨੇ ਜਵਾਬ ਦਿੱਤਾ, "ਹਾਂ, ਮੈਂ ਲੇਖਾ ਜਾਣਦਾ ਹਾਂ"।

ਸਤਿਗੁਰੂ ਜੀ ਤਾਂ ਹਰ ਤਰ੍ਹਾਂ ਦਾ ਲੇਖਾ ਜਾਣਦੇ ਸਨ । ਦੁਨੀਆਵੀ ਲੇਖਾ ਤਾਂ ਕੋਈ ਵੱਡੀ ਗੱਲ ਸੀ ਹੀ ਨਹੀਂ, ਗੁਰੂ ਜੀ ਤਾਂ ਦਰਗਾਹ ਵਿੱਚ ਕੀਤੇ ਜਾਣ ਵਾਲੇ ਲੇਖੇ ਦੇ ਪੂਰੀ ਤਰ੍ਹਾਂ ਜਾਣੂ ਸਨ । ਭਾਈਆ ਜੀ ਗੁਰੂ ਸਾਹਿਬ ਜੀ ਨੂੰ ਨਵਾਬ ਦੌਲਤ ਖ਼ਾਨ ਕੋਲ ਲੈ ਗਏ । ਨਵਾਬ ਗੁਰੂ ਜੀ ਤੋਂ ਚੰਗਾ ਪ੍ਰਭਾਵਿਤ ਹੋਇਆ । ਉਸ ਨੇ ਗੁਰੂ ਜੀ ਨੂੰ ਖ਼ਿਲਅਤ ਦਿੱਤੀ ਤੇ ਮੋਦੀਖ਼ਾਨੇ ਦੀ ਕਾਰ ਸੌਂਪ ਦਿੱਤੀ ।

ਇਤਿਹਾਸ ਦੱਸਦਾ ਹੈ ਕਿ ਨਾਮ ਦੀ ਦਾਤ ਵੰਡਣ ਵਾਲੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਲੋੜਵੰਦਾਂ ਨੂੰ ਆਟਾ, ਦਾਲ, ਮਿਸਰੀ, ਪਤਾਸੇ, ਖੰਡ, ਛੋਲੇ, ਜੌਂ, ਨਮਕ, ਘਿਉ, ਹਲਦੀ, ਮਿਰਚ, ਗੁੜ ਆਦਿ ਦਿਲ ਖੋਲ੍ਹ ਕੇ ਵੰਡੇ । ਚੰਗਾ ਕੰਮ ਚੱਲ ਪਿਆ । ਲੋਕਾਂ ਵਿੱਚ ਇੱਜ਼ਤ ਵੀ ਬਹੁਤ ਬਣੀ ।

ਜਦੋਂ ਭਾਈਆ ਜੈਰਾਮ ਜੀ ਨੇ ਦੇਖਿਆ ਕਿ ਗੁਰੂ ਸਾਹਿਬ ਜੀ ਨੇ ਮੋਦੀ ਦੀ ਕਾਰ ਚੰਗੀ ਤਰ੍ਹਾਂ ਸੰਭਾਲ ਲਈ ਹੈ, ਤਾਂ ਉਨ੍ਹਾਂ ਦੇ ਮਨ ਵਿੱਚ ਗੁਰੂ ਸਾਹਿਬ ਜੀ ਦਾ ਵਿਆਹ ਦੇਖਣ ਦਾ ਚਾਅ ਪੈਦਾ ਹੋਇਆ । ਜੈਰਾਮ ਜੀ ਨੇ ਹੀ ਗੁਰੂ ਸਾਹਿਬ ਜੀ ਦੀ ਕੁੜਮਾਈ ਸ੍ਰੀ ਮੂਲ ਚੰਦ ਜੀ ਦੀ ਸਪੁੱਤਰੀ ਮਾਤਾ ਸੁਲੱਖਣੀ ਜੀ ਨਾਲ ਕਰਾਈ ।

ਭਾਈਆ ਜੀ ਨੇ ਤਲਵੰਡੀ ਸੁਨੇਹਾ ਭੇਜ ਕੇ ਕਾਲੂ ਜੀ ਨੂੰ ਰਿਸ਼ਤੇਦਾਰਾਂ ਸਮੇਤ ਸੁਲਤਾਨਪੁਰ ਹੀ ਆਉਣ ਲਈ ਆਖ ਦਿੱਤਾ। ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ, ਮਾਤਾ ਤ੍ਰਿਪਤਾ ਜੀ, ਨਾਨਾ ਸ੍ਰੀ ਰਾਮਾ ਜੀ, ਨਾਨੀ ਭਿਰਾਈ ਜੀ, ਮਾਮਾ ਸ੍ਰੀ ਕ੍ਰਿਸ਼ਨਾ ਜੀ, ਚਾਚਾ ਸ੍ਰੀ ਲਾਲ ਚੰਦ ਜੀ ਆਦਿ ਸੁਲਤਾਨਪੁਰ ਪੁੱਜ ਗਏ। ਭਾਈਆ ਜੈਰਾਮ ਜੀ ਉਨ੍ਹਾਂ ਵਿਰਲੇ ਗੁਰਸਿਖਾਂ ਵਿੱਚੋਂ ਹਨ, ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੀ ਕੁੜਮਾਈ ਦੀਆਂ ਰਸਮਾਂ ਦੇਖਣ ਦਾ ਸੁਭਾਗ ਪ੍ਰਾਪਤ ਕੀਤਾ।

ਇੱਕ ਰਾਤ ਸੁਲਤਾਨਪੁਰ ਰਹਿ ਕੇ ਸਭ ਸ੍ਰੀ ਮੂਲ ਚੰਦ ਜੀ ਦੇ ਪਿੰਡ ਵੱਲ ਤੁਰ ਪਏ। ਭਾਈਆ ਜੈਰਾਮ ਜੀ ਨੇ ਪੁਰੋਹਿਤ ਨਿਧਾ ਜੀ ਨੂੰ ਮੂਲ ਚੰਦ ਜੀ ਦੇ ਘਰ ਗੁਰੂ ਸਾਹਿਬ ਜੀ ਦੇ ਪਰਿਵਾਰ ਦੇ ਆਉਣ ਦੀ ਸੂਚਨਾ ਪਹੁੰਚਾਉਣ ਲਈ ਭੇਜਿਆ। ਮੂਲ ਚੰਦ ਜੀ ਨੇ ਵੀ ਆਪਣੇ ਪੁਰੋਹਿਤ ਨੂੰ ਭੇਜ ਕੇ ਗੁਰੂ ਸਾਹਿਬ ਜੀ ਦੇ ਪਰਿਵਾਰ ਦਾ ਸਵਾਗਤ ਕੀਤਾ। ਸਾਰੇ ਮੂਲ ਚੰਦ ਜੀ ਦੇ ਘਰ ਆ ਪੁੱਜੇ। ਕੁੜਮਾਈ ਦੀਆਂ ਸਾਰੀਆਂ ਰਸਮਾਂ ਖ਼ੁਸ਼ੀ-ਖ਼ੁਸ਼ੀ ਨੇਪਰੇ ਚਾੜ੍ਹ ਕੇ ਗੁਰੂ ਸਾਹਿਬ ਜੀ ਦੇ ਪਰਿਵਾਰਿਕ ਜੀਅ ਵਾਪਿਸ ਸੁਲਤਾਨਪੁਰ ਹੀ ਆ ਗਏ। ਕਈ ਦਿਨ ਸੁਲਤਾਨਪੁਰ ਰਹਿਣ ਤੋਂ ਮਹਿਤਾ ਕਾਲੂ ਜੀ ਆਪਣੇ ਪਰਿਵਾਰ ਸਮੇਤ ਆਪਣੇ ਪਿੰਡ ਤਲਵੰਡੀ ਪਰਤ ਗਏ।

ਜਦੋਂ ਮੂਲ ਚੰਦ ਜੀ ਨੇ ਆਪਣੀ ਬੇਟੀ ਦੇ ਵਿਆਹ ਦੀ ਤਾਰੀਖ਼ ਤੈਅ ਕੀਤੀ, ਤਾਂ ਉਨ੍ਹਾਂ ਨੇ ਇਸ ਦੀ ਸੂਚਨਾ ਦੇਣ ਲਈ ਆਪਣੇ ਪੁਰੋਹਿਤ ਨੂੰ ਭਾਈਆ ਜੈਰਾਮ ਜੀ ਦੇ ਘਰ ਹੀ ਭੇਜਿਆ ਸੀ। ਭਾਈਆ ਜੈਰਾਮ ਜੀ ਨੇ ਆਪਣੇ ਪੁਰੋਹਿਤ ਨਿੱਧਾ ਜੀ ਨੂੰ ਤਲਵੰਡੀ ਭੇਜ ਕੇ ਵਿਆਹ ਦੀ ਤਾਰੀਖ਼ ਦੀ ਸੂਚਨਾ ਮਹਿਤਾ ਕਾਲੂ ਜੀ ਨੂੰ ਦਿੱਤੀ।

ਕਾਲੂ ਜੀ ਆਪਣੇ ਰਿਸ਼ਤੇਦਾਰਾਂ ਸਮੇਤ ਸੁਲਤਾਨਪੁਰ ਪਹੁੰਚ ਗਏ ਤੇ ਵਿਆਹ ਦੀ ਤਿਆਰੀ ਸ਼ੁਰੂ ਕਰ ਦਿੱਤੀ। ਕਿਉਂਕਿ ਗੁਰੂ ਸਾਹਿਬ ਜੀ ਦੀ ਬਾਰਾਤ ਭਾਈਆ ਜੈਰਾਮ ਜੀ ਦੇ ਘਰੋਂ ਹੀ ਚੜ੍ਹਨੀ ਸੀ, ਇਸਲਈ ਜ਼ਾਹਿਰ ਹੈ ਕਿ ਇਸ ਵਿਆਹ ਦਾ ਸਾਰਾ ਪ੍ਰਬੰਧ ਭਾਈਆ ਜੀ ਦੀ ਨਿਗਰਾਨੀ ਹੇਠ ਹੀ ਹੋਣਾ ਸੀ। ਭਾਈਆ ਜੀ ਨੇ ਵਿਆਹ ਦਾ ਸਾਰਾ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਕੀਤਾ।

ਫਿਰ ਉਹ ਦਿਨ ਵੀ ਆ ਗਿਆ, ਜਦੋਂ ਜ਼ਾਹਰ ਪੀਰ, ਜਗਤ ਗੁਰੂ, ਸਤਿਗੁਰੂ ਨਾਨਕ ਦੇਵ ਜੀ ਲਾੜੇ ਦੇ ਰੂਪ ਵਿੱਚ ਸਜੇ। ਸੁਲਤਾਨਪੁਰ ਤੋਂ ਬਾਰਾਤ ਚਲੀ ਤੇ ਸ੍ਰੀ ਮੂਲ ਚੰਦ ਜੀ ਦੇ ਘਰ ਜਾ ਪੁੱਜੀ। ਮਿੱਥੇ ਸਮੇਂ 'ਤੇ ਬੇਦੀਆਂ ਦੇ ਪੁਰੋਹਿਤ ਹਰਿਦਿਆਲ ਜੀ ਤੇ ਚੋਣਿਆਂ ਦੇ ਪੁਰੋਹਿਤ ਸ਼ਿਆਮ ਜੀ ਨੇ ਵਿਆਹ ਦੀ ਰਸਮ ਦੀ ਤਿਆਰੀ ਕੀਤੀ।

ਇਹ ਪ੍ਰਸਿੱਧ ਹੈ ਕਿ ਗੁਰੂ ਸਾਹਿਬ ਜੀ ਨੇ ਵਿਆਹ ਕਰਨ ਲਈ ਆਪਣੀ ਨਵੀਂ ਰੀਤੀ ਦੱਸੀ। ਚੋਣਿਆਂ ਨੇ ਇਸ ਨਵੀਂ ਰੀਤੀ ਦਾ ਵਿਰੋਧ ਕੀਤਾ ਤੇ ਰਿਸ਼ਤਾ ਤੋੜ ਦੇਣ ਦੀ ਗੱਲ ਕਰਨ ਲੱਗੇ। ਅਜਿਹੀ ਸਥਿਤੀ ਵਿੱਚ ਭੰਡਾਰੀ ਗੋਤ ਦੇ ਖਤਰੀਆਂ ਨੇ ਕਿਹਾ ਕਿ ਉਹ ਗੁਰੂ ਸਾਹਿਬ ਜੀ ਨੂੰ ਰਿਸ਼ਤਾ ਦੇਣ ਲਈ ਤਿਆਰ ਹਨ। ਕਹਿੰਦੇ

ਹਨ ਕਿ ਗੁਰੂ ਸਾਹਿਬ ਜੀ ਨੇ ਕਿਹਾ ਕਿ ਭੰਡਾਰੀ ਭਰੇ ਰਹਿਣਗੇ ਤੇ ਚੋਣੇ ਚੁਣੇ ਜਾਣਗੇ । ਭੰਡਾਰੀਆਂ ਵੱਲੋਂ ਰਿਸ਼ਤੇ ਦੀ ਸੰਭਾਵਨਾ ਦੇਖ ਕੇ ਚੋਣੇ ਵੀ ਗੁਰੂ ਸਾਹਿਬ ਜੀ ਅੱਗੇ ਝੁੱਕ ਗਏ ਤੇ ਗੁਰੂ ਜੀ ਦਾ ਹੁਕਮ ਮੰਨ ਲਿਆ ।

ਵਿਆਹ ਮਗਰੋਂ ਬਾਰਾਤ ਸੁਲਤਾਨਪੁਰ ਪਰਤ ਆਈ । ਦੋ ਰਾਤਾਂ ਇੱਥੇ ਰਹਿ ਕੇ ਮਹਿਤਾ ਕਾਲੂ ਜੀ ਦੀ ਇੱਛਾ ਅਨੁਸਾਰ ਗੁਰੂ ਸਾਹਿਬ ਜੀ ਆਪਣੀ ਧਰਮ-ਸੁਪਤਨੀ ਮਾਤਾ ਸੁਲੱਖਣੀ ਤੇ ਹੋਰ ਰਿਸ਼ਤੇਦਾਰਾਂ ਸਮੇਤ ਤਲਵੰਡੀ ਪਹੁੰਚੇ ਤੇ ਮਾਤਾ ਤ੍ਰਿਪਤਾ ਜੀ ਨੂੰ ਮਿਲੇ । ਕੁੱਝ ਦਿਨਾਂ ਬਾਅਦ ਗੁਰੂ ਜੀ ਮਾਤਾ ਸੁਲੱਖਣੀ ਸਮੇਤ ਫਿਰ ਸੁਲਤਾਨਪੁਰ ਆ ਗਏ ਤੇ ਮੋਦੀਖ਼ਾਨੇ ਦੀ ਕਾਰ ਮੁੜ ਸੰਭਾਲ ਲਈ ।

ਸੁਲਤਾਨਪੁਰ ਵਿਖੇ ਹੀ ਗੁਰੂ ਨਾਨਕ ਦੇਵ ਜੀ ਦੇ ਘਰ ਉਨ੍ਹਾਂ ਦੇ ਦੋਹਾਂ ਸਾਹਿਬਜ਼ਾਦਿਆਂ ਸ੍ਰੀ ਚੰਦ ਜੀ ਤੇ ਲਖਮੀ ਚੰਦ ਜੀ ਨੇ ਜਨਮ ਲਿਆ । ਦੋਹਾਂ ਬੱਚਿਆਂ ਦੀਆਂ ਕਿਲਕਾਰੀਆਂ ਭਾਈਆ ਜੈਰਾਮ ਜੀ ਦੇ ਵਿਹੜੇ ਵਿੱਚ ਵੀ ਗੂੰਜਦੀਆਂ ਰਹੀਆਂ ।

ਛੇਤੀ ਹੀ ਉਸ ਸਮਾਂ ਵੀ ਆ ਗਿਆ, ਜਦੋਂ ਭਾਈਆ ਜੈਰਾਮ ਜੀ ਨੂੰ ਬੜੀ ਔਖੀ ਸਥਿੱਤੀ ਦਾ ਸਾਹਮਣਾ ਕਰਨਾ ਪਿਆ । ਜਦੋਂ ਕੁੱਝ ਈਰਖਾਲੂਆਂ ਨੇ ਦੇਖਿਆ ਕਿ ਗੁਰੂ ਸਾਹਿਬ ਜੀ ਲੋੜਵੰਦਾਂ ਨੂੰ ਅਨਾਜ ਆਦਿ ਮੁਫ਼ਤ ਵਿੱਚ ਹੀ ਦਿੰਦੇ ਜਾ ਰਹੇ ਹਨ, ਤਾਂ ਉਨ੍ਹਾਂ ਨੇ ਨਵਾਬ ਦੌਲਤ ਖ਼ਾਨ ਅੱਗੇ ਜਾ ਚੁਗਲੀ ਕੀਤੀ । ਮੋਦੀਖ਼ਾਨੇ ਦੇ ਹਿਸਾਬ-ਕਿਤਾਬ ਦੀ ਪੜਤਾਲ ਦਾ ਹੁਕਮ ਦਿੱਤਾ ਗਿਆ । ਇਸ ਸਾਰੇ ਘਟਨਾ-ਕ੍ਰਮ ਕਾਰਣ ਭਾਈਆ ਜੈਰਾਮ ਜੀ ਚਿੰਤਾਤੁਰ ਹੋ ਗਏ ਸਨ । ਉਨ੍ਹਾਂ ਨੇ ਇਸ ਸੰਬੰਧ ਵਿੱਚ ਬੇਬੇ ਨਾਨਕੀ ਜੀ ਨਾਲ ਵੀ ਕੋਈ ਗੱਲ ਨਾ ਕੀਤੀ, ਪਰ ਬੇਬੇ ਨਾਨਕੀ ਜੀ ਇਹ ਜਾਣ ਗਏ ਕਿ ਕੋਈ ਚਿੰਤਾ ਭਾਈਆ ਜੈਰਾਮ ਜੀ ਨੂੰ ਪ੍ਰੇਸ਼ਾਨ ਕਰ ਰਹੀ ਹੈ । ਘਰ ਦੀ ਸੇਵਿਕਾ ਬੀਬੀ ਤੁਲਸਾਂ ਨੇ ਬੇਬੇ ਜੀ ਨੂੰ ਦੱਸ ਦਿੱਤਾ ਕਿ ਕੁੱਝ ਆਦਮੀ ਜੈਰਾਮ ਜੀ ਨਾਲ ਗੱਲ ਕਰ ਰਹੇ ਸਨ, ਜਿਸ ਮਗਰੋਂ ਉਹ ਲਗਾਤਾਰ ਚਿੰਤਾ ਵਿੱਚ ਹੀ ਘਿਰੇ ਹੋਏ ਹਨ । ਬੇਬੇ ਜੀ ਦੇ ਪੁੱਛਣ 'ਤੇ ਭਾਈਆ ਜੀ ਨੇ ਦੱਸਿਆ ਕਿ ਗੁਰੂ ਜੀ ਖ਼ਿਲਾਫ਼ ਸ਼ਿਕਾਇਤ ਕੀਤੀ ਗਈ ਹੈ ਕਿ ਉਹ ਮੋਦੀਖ਼ਾਨੇ ਦਾ ਅਨਾਜ ਗ਼ਰੀਬਾਂ 'ਤੇ ਲੁਟਾ ਰਹੇ ਹਨ । ਬੇਬੇ ਨਾਨਕੀ ਜੀ ਦੇ ਕਹਿਣ 'ਤੇ ਜਦੋਂ ਗੁਰੂ ਜੀ ਨਾਲ ਇਸ ਬਾਰੇ ਗੱਲ ਕੀਤੀ ਗਈ, ਤਾਂ ਗੁਰੂ ਜੀ ਨੇ ਮੋਦੀਖ਼ਾਨੇ ਦਾ ਹਿਸਾਬ ਕਰਨ ਲਈ ਕਿਹਾ । ਹਿਸਾਬ ਕਰਨ 'ਤੇ ਇਹ ਗੱਲ ਸਾਫ਼ ਹੋ ਗਈ ਕਿ ਗੁਰੂ ਸਾਹਿਬ ਜੀ ਮੋਦੀਖ਼ਾਨਾ ਨਹੀਂ ਲੁਟਾ ਰਹੇ ਸਨ, ਬਲਕਿ ਆਪਣੀ ਕਿਰਤ-ਕਮਾਈ ਵਿੱਚੋਂ ਹੀ ਲੋੜਵੰਦਾਂ ਦੀ ਮਦਦ ਕਰ ਰਹੇ ਸਨ ।

ਭਾਂਵੇਂ ਇੱਕ ਵਾਰ ਤਾਂ ਚੁਗ਼ਲਖੋਰਾਂ ਨੂੰ ਅਸਫਲਤਾ ਮਿਲ ਚੁੱਕੀ ਸੀ, ਫਿਰ ਵੀ ਉਹ ਟਿਕੇ ਨਹੀਂ । ਉਨ੍ਹਾਂ ਨੇ ਗੁਰੂ ਜੀ ਖ਼ਿਲਾਫ਼ ਫਿਰ ਨਵਾਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ । ਹਿਸਾਬ ਕੀਤਾ ਗਿਆ, ਤਾਂ ਗੁਰੂ ਜੀ ਦਾ ਦਾਮਨ ਫਿਰ ਸਾਫ਼ ਹੀ ਨਿਕਲਿਆ । ਹੁਣ, ਗੁਰੂ ਜੀ ਨੇ ਮੋਦੀਖ਼ਾਨੇ ਦਾ ਕੰਮ ਛੱਡਣ ਦਾ ਫ਼ੈਸਲਾ ਕਰ ਲਿਆ । ਉਨ੍ਹਾਂ ਨੇ ਧਰਮ ਪ੍ਰਚਾਰ ਕਰਨ ਲਈ ਦੇਸ਼-ਵਿਦੇਸ਼ ਦੀ ਯਾਤਰਾ ਕਰਨ ਦਾ ਨਿਰਣਾ ਕੀਤਾ । ਇਤਿਹਾਸ ਦੀਆਂ ਪੁਸਤਕਾਂ ਦਸਦੀਆਂ ਹਨ ਕਿ ਗੁਰੂ ਸਾਹਿਬ ਫ਼ਕੀਰਾਂ ਵਾਲਾ ਲਿਬਾਸ ਪਾ ਕੇ ਸ਼ਹਿਰ ਦੇ ਬਾਹਰ ਉਜਾੜ ਵਿੱਚ ਜਾ ਬੈਠੇ ।

ਜਦੋਂ ਗੁਰੂ ਸਾਹਿਬ ਜੀ ਦੇ ਸਹੁਰਾ ਸਾਹਿਬ ਸ੍ਰੀ ਮੂਲ ਚੰਦ ਜੀ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਜੀ ਫ਼ਕੀਰ ਹੋ ਗਏ ਹਨ, ਤਾਂ ਉਹ ਫ਼ੌਰਨ ਸੁਲਤਾਨਪੁਰ ਪੁੱਜ ਗਏ। ਆਪਣੇ ਨਾਲ ਉਹ ਆਪਣੇ ਪ੍ਰੋਹਿਤ ਸ਼ਿਆਮ ਜੀ ਨੂੰ ਵੀ ਲਿਆਏ। ਸ੍ਰੀ ਮੂਲ ਚੰਦ ਜੀ ਨੇ ਆਪਣੇ ਕ੍ਰੋਧ ਦਾ ਖੁੱਲ੍ਹ ਕੇ ਵਿਖਾਵਾ ਕੀਤਾ।

ਗੁਰੂ ਜੀ ਨੇ ਮੋਦੀਖ਼ਾਨੇ ਦੀ ਕਾਰ ਤਾਂ ਛੱਡ ਦਿੱਤੀ ਸੀ, ਪਰ ਗੁਰੂ ਜੀ ਦਾ ਕਾਫ਼ੀ ਬਕਾਇਆ ਅਜੇ ਵੀ ਨਵਾਬ ਦੌਲਤ ਖ਼ਾਨ ਕੋਲ ਪਿਆ ਸੀ। ਗੁਰੂ ਜੀ ਨੇ ਆਖ ਦਿੱਤਾ ਸੀ ਕਿ ਇਹ ਰਕਮ ਲੋੜਵੰਦਾਂ 'ਤੇ ਖ਼ਰਚ ਕਰ ਦਿੱਤੀ ਜਾਏ। ਜਦੋਂ ਸ੍ਰੀ ਮੂਲ ਚੰਦ ਜੀ ਇਸ ਰਕਮ ਬਾਰੇ ਪਤਾ ਲੱਗਾ, ਤਾਂ ਉਹ ਨਵਾਬ ਕੋਲ ਅਰਜ਼ ਕੀਤੀ ਕਿ ਇਹ ਰਕਮ ਗੁਰੂ ਜੀ ਦੀ ਸੁਪਤਨੀ ਤੇ ਬੱਚਿਆਂ ਨੂੰ ਦੇ ਦਿੱਤੀ ਜਾਏ। ਨਵਾਬ ਨੇ ਸ੍ਰੀ ਜੈਰਾਮ ਜੀ ਨੂੰ ਬੁਲਾ ਕੇ ਉਨ੍ਹਾਂ ਦੀ ਰਾਇ ਵੀ ਮੰਗੀ।

ਜੈਰਾਮ ਜੀ ਦੁਚਿੱਤੀ ਵਿੱਚ ਪੈ ਗਏ। ਗੁਰੂ ਜੀ ਦਾ ਸਪਸ਼ਟ ਹੁਕਮ ਸੀ ਕਿ ਰਕਮ ਲੋੜਵੰਦਾਂ ਲਈ ਖ਼ਰਚੀ ਜਾਏ। ਜੇ ਜੈਰਾਮ ਜੀ ਇਹ ਰਕਮ ਸ੍ਰੀ ਮੂਲ ਚੰਦ ਜੀ ਨੂੰ ਦੇਣ ਲਈ ਆਖਦੇ, ਤਾਂ ਇਹ ਗੱਲ ਗੁਰੂ ਜੀ ਦੇ ਹੁਕਮ ਦੇ ਖ਼ਿਲਾਫ਼ ਹੁੰਦੀ। ਜੇ ਉਹ ਗੁਰੂ ਜੀ ਦੇ ਹੁਕਮ ਦੀ ਹੀ ਪਾਲਣਾ ਕਰਨ ਲਈ ਆਖਦੇ, ਤਾਂ ਇਸ ਨਾਲ ਸ੍ਰੀ ਮੂਲ ਚੰਦ ਜੀ ਨੇ ਨਾਰਾਜ਼ ਹੋਣਾ ਸੀ। ਇੱਥੇ ਦੁਨੀਆਵੀ ਰਿਸ਼ਤਿਆਂ ਦੀ ਗੱਲ ਵੀ ਸੀ। ਗੁਰੂ ਨਾਨਕ ਦੇਵ ਜੀ ਦਾ ਵਿਆਹ ਭਾਈਆ ਜੈਰਾਮ ਜੀ ਨੇ ਹੀ ਵਿਚੋਲਾ ਬਣ ਕੇ ਕਰਵਾਇਆ ਸੀ। ਅਜਿਹੇ ਔਖੇ ਸਮੇਂ ਭਾਈਆ ਜੀ ਨੇ ਬੜਾ ਸੂਝ ਭਰਿਆ ਫ਼ੈਸਲਾ ਕੀਤਾ। ਉਨ੍ਹਾਂ ਨੇ ਨਵਾਬ ਨੂੰ ਕਿਹਾ ਕਿ ਇਸ ਬਾਰੇ ਗੁਰੂ ਜੀ ਨੂੰ ਹੀ ਪੁੱਛ ਲਿਆ ਜਾਏ, ਕਿਉਂਕਿ ਇਹ ਰਕਮ ਆਖ਼ਿਰ ਉਨ੍ਹਾਂ ਦੀ ਕਮਾਈ ਦੀ ਹੀ ਸੀ। ਨਵਾਬ ਨੂੰ ਇਹ ਗੱਲ ਸਹੀ ਲੱਗੀ। ਆਖ਼ਿਰ ਗੁਰੂ ਜੀ ਦੀ ਇੱਛਾ ਅਨੁਸਾਰ ਅੱਧੀ ਰਕਮ ਗੁਰੂ ਜੀ ਦੇ ਪਰਿਵਾਰ ਨੂੰ ਦੇ ਦਿੱਤੀ ਗਈ ਤੇ ਅੱਧੀ ਲੋੜਵੰਦਾਂ ਵਿੱਚ ਵੰਡ ਦਿੱਤੀ ਗਈ।

ਪਰ, ਭਾਈਆ ਜੀ ਲਈ ਔਖਾ ਸਮਾਂ ਅਜੇ ਲੰਘਿਆ ਨਹੀਂ ਸੀ। ਗੁਰੂ ਜੀ ਨੇ ਜਦੋਂ 'ਨਾ ਕੋਈ ਹਿੰਦੂ, ਨਾ ਮੁਸਲਮਾਨ' ਦਾ ਨਾਅਰਾ ਲਾਇਆ, ਤਾਂ ਵਿਵਾਦ ਸ਼ੁਰੂ ਹੋ ਗਿਆ। ਗੱਲ ਨਵਾਬ ਤੱਕ ਵੀ ਪਹੁੰਚੀ, ਜੋ ਗੁਰੂ ਜੀ ਦਾ ਸ਼ਰਧਾਲੂ ਸੀ। ਨਵਾਬ ਨੇ ਆਪਣਾ ਆਦਮੀ ਭੇਜ ਕੇ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ। ਜਦੋਂ ਗੁਰੂ ਜੀ ਉਥੇ ਪਹੁੰਚੇ, ਤਾਂ ਬਹੁਤ ਸਾਰੇ ਤਮਾਸ਼ਾਬੀਨ ਉਥੇ ਇਕੱਠੇ ਹੋ ਗਏ। ਸਬੱਬ ਨਾਲ ਨਮਾਜ਼ ਦਾ ਸਮਾਂ ਹੋ ਗਿਆ। ਸਾਰੇ ਮੁਸਲਮਾਨ ਨਮਾਜ਼ ਪੜ੍ਹਨ ਲੱਗ ਪਏ ਤੇ ਗੁਰੂ ਜੀ ਉਨ੍ਹਾਂ ਦੇ ਦਿਲਾਂ ਦੀਆਂ ਪੜ੍ਹਨ ਲੱਗ ਪਏ। ਇਤਿਹਾਸ ਸਾਨੂੰ ਦੱਸਦਾ ਹੈ ਕਿ ਗੁਰੂ ਜੀ ਨੇ ਨਵਾਬ ਤੇ ਕਾਜ਼ੀ ਦੇ ਦਿਲਾਂ ਦੀਆਂ ਗੱਲਾਂ ਦੱਸ ਕੇ ਉਨ੍ਹਾਂ ਨੂੰ ਲਾਜਵਾਬ ਕਰ ਦਿੱਤਾ ਤੇ ਸੱਚੀ ਨਮਾਜ਼ ਕਰਨ ਦਾ ਉਪਦੇਸ਼ ਦਿੱਤਾ।

ਗੁਰੂ ਜੀ ਦਾ ਨਮਾਜ਼ ਵੇਲੇ ਨਵਾਬ ਕੋਲ ਮੌਜੂਦ ਹੋਣ ਨਾਲ ਹਿੰਦੂਆਂ ਵਿੱਚ ਇਹ ਅਫ਼ਵਾਹ ਫੈਲ ਗਈ ਕਿ ਗੁਰੂ ਸਾਹਿਬ ਜੀ ਇਸਲਾਮ ਮਤਿ ਧਾਰਣ ਕਰਨ ਲੱਗੇ ਹਨ। ਇਹ ਅਫ਼ਵਾਹ ਭਾਈਆ ਜੈਰਾਮ ਜੀ ਤਕ ਵੀ ਪਹੁੰਚੀ। ਉਨ੍ਹਾਂ ਨੇ ਤੁਰੰਤ ਹੀ ਆਪਣੇ ਪ੍ਰੋਹਿਤ ਨਿੱਧਾ ਜੀ ਨੂੰ ਸੱਚਾਈ ਜਾਣਨ ਵਾਸਤੇ ਭੇਜਿਆ। ਉਥੇ ਭਾਰੀ ਭੀੜ ਜੁੜੀ ਹੋਣ ਕਾਰਣ ਨਿੱਧਾ ਜੀ ਭਾਂਵੇਂ ਗੁਰੂ ਜੀ ਨੂੰ ਮਿਲ ਤਾਂ ਨਾ ਸਕੇ, ਪਰ ਲੋਕਾਂ ਤੋਂ ਉਨ੍ਹਾਂ ਨੂੰ ਇਹ ਪਤਾ ਲੱਗ ਗਿਆ

ਕਿ ਗੁਰੂ ਜੀ ਨੇ ਨਮਾਜ਼ ਨਹੀਂ ਪੜ੍ਹੀ ਤੇ ਉਹ ਮੁਸਲਮਾਨ ਨਹੀਂ ਬਣੇ । ਨਿੱਧਾ ਜੀ ਵਾਪਿਸ ਜੈਰਾਮ ਜੀ ਕੋਲ ਪਹੁੰਚੇ ਤੇ ਉਨ੍ਹਾਂ ਨੂੰ ਸਾਰੀ ਅਸਲੀਅਤ ਦੱਸੀ । ਜਦੋਂ ਭਾਈਆ ਜੀ ਨੂੰ ਪਤਾ ਲੱਗਾ ਕਿ ਨਿੱਧਾ ਜੀ ਗੁਰੂ ਜੀ ਨੂੰ ਮਿਲੇ ਨਹੀਂ, ਬਲਕਿ ਸੁਣੀ-ਸੁਣਾਈ ਗੱਲ ਕਰ ਰਹੇ ਹਨ, ਤਾਂ ਉਹ ਚਿੰਤਿਤ ਹੋ ਗਏ ।

ਗੁਰੂ ਜੀ ਲਈ ਸ੍ਰੀ ਜੈਰਾਮ ਜੀ ਦਾ ਚਿੰਤਿਤ ਹੋਣਾ ਸੁਭਾਵਿਕ ਹੀ ਸੀ । ਗੁਰੂ ਜੀ ਦੇ ਫ਼ਕੀਰ ਹੋ ਜਾਣ ਕਾਰਣ ਉਹ ਪਹਿਲਾਂ ਹੀ ਸਮਾਜਿਕ ਦਬਾਅ ਹੇਠ ਸਨ । ਗੁਰੂ ਜੀ ਦੇ ਮੁਸਲਮਾਨ ਹੋ ਜਾਣ ਦੀ ਅਫ਼ਵਾਹ ਕਾਰਣ ਉਹ ਹੋਰ ਵੀ ਦਬਾਅ ਹੇਠ ਆ ਗਏ । ਇਸ ਦਬਾਅ ਦਾ ਕਾਰਣ ਰਿਸ਼ਤੇਦਾਰਾਂ ਜਾਂ ਭਾਈਚਾਰੇ ਦੇ ਹੋਰ ਲੋਕਾਂ ਦੇ ਤਾਅਨੇ ਵੀ ਹੋ ਸਕਦੇ ਸਨ ਤੇ ਸ੍ਰੀ ਜੈਰਾਮ ਜੀ ਦੇ ਆਪਣੇ ਹੀ ਮਨ ਦੀਆਂ ਸ਼ੰਕਾਵਾਂ ਵੀ । ਭਾਈਚਾਰੇ ਜਾਂ ਰਿਸ਼ਤੇਦਾਰਾਂ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਕਿਸੇ ਵੀ ਗੱਲ ਲਈ ਸ੍ਰੀ ਜੈਰਾਮ ਜੀ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਸੀ, ਕਿਉਂਕਿ ਗੁਰੂ ਜੀ ਲੰਬੇ ਅਰਸੇ ਤੋਂ ਉਨ੍ਹਾਂ ਨਾਲ ਹੀ ਰਹਿ ਰਹੇ ਸਨ । ਸਮਾਜਿਕ ਤੌਰ 'ਤੇ ਉਹ ਗੁਰੂ ਸਾਹਿਬ ਜੀ ਦੇ ਅਭਿਭਾਵਕ ਹੀ ਸਨ । ਉਨ੍ਹਾਂ ਨੂੰ ਮਹਿਤਾ ਕਾਲੂ ਜੀ ਦਾ ਵੀ ਖ਼ਿਆਲ ਆਉਂਦਾ ਹੋਏਗਾ । ਸ੍ਰੀ ਕਾਲੂ ਜੀ ਨੇ ਆਪਣੇ ਪੁੱਤਰ ਨੂੰ ਜੈਰਾਮ ਜੀ ਕੋਲ ਭੇਜਿਆ ਹੀ ਇਸੇ ਲਈ ਸੀ ਕਿ ਗੁਰੂ ਜੀ ਦਾ ਮਨ ਦੁਨੀਆਵੀ ਕੰਮ-ਧੰਧਿਆਂ ਵੱਲ ਲੱਗ ਜਾਏ, ਪਰ ਹੁਣ ਤਾਂ ਗੁਰੂ ਜੀ ਸਗੋਂ ਚੰਗੀ ਭਲੀ ਨੌਕਰੀ ਛੱਡ ਕੇ ਬਿਲਕੁਲ ਹੀ ਫ਼ਕੀਰ ਬਣ ਗਏ ਸਨ । ਜੈਰਾਮ ਜੀ ਨੂੰ ਜ਼ਰੂਰ ਚਿੰਤਾ ਰਹੀ ਹੋਏਗੀ ਕਿ ਮਹਿਤਾ ਕਾਲੂ ਜੀ ਨੂੰ ਇਸ ਬਾਰੇ ਕੀ ਜਵਾਬ ਦਿਆਂਗਾ ? ਗੁਰੂ ਜੀ ਤਾਂ ਫ਼ਕੀਰ ਹੋ ਗਏ, ਪਰ ਉਨ੍ਹਾਂ ਦੀ ਪਤਨੀ ਤੇ ਦੋ ਬੱਚਿਆਂ ਦੇ ਭਵਿੱਖ ਬਾਰੇ ਵੀ ਜੈਰਾਮ ਜੀ ਚਿੰਤਿਤ ਹੁੰਦੇ ਹੋਣਗੇ ।

ਅਜਿਹੀ ਤਣਾਅਪੂਰਨ ਸਥਿਤੀ ਵਿੱਚ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਨਿੱਧਾ ਜੀ ਗੁਰੂ ਜੀ ਨੂੰ ਮਿਲੇ ਬਿਨ੍ਹਾਂ ਹੀ ਪਰਤ ਆਏ ਹਨ, ਤਾਂ ਉਹ ਹੋਰ ਚਿੰਤਿਤ ਹੋ ਗਏ ।

ਇਸ ਚਿੰਤਾ ਪਿੱਛੇ ਹੋਰ ਵੀ ਕਾਰਣ ਸੀ । ਇਹ ਕਾਰਣ ਸੀ, ਪਿਆਰ । ਸ੍ਰੀ ਜੈਰਾਮ ਜੀ ਗੁਰੂ ਸਾਹਿਬ ਜੀ ਨੂੰ ਬਹੁਤ ਪਿਆਰ ਕਰਦੇ ਸਨ । ਇਹ ਉਨ੍ਹਾਂ ਦਾ ਗੁਰੂ ਜੀ ਪ੍ਰਤੀ ਪਿਆਰ ਹੀ ਸੀ ਕਿ ਉਹ ਗੁਰੂ ਜੀ ਨੂੰ ਤਲਵੰਡੀ ਤੋਂ ਸੁਲਤਾਨਪੁਰ ਲੈ ਆਏ ਸਨ । ਇਹ ਪਿਆਰ ਕਈ ਰੂਪ ਧਾਰਣ ਕਰਦਾ ਦਿਖਦਾ ਹੈ । ਉਹ ਗੁਰੂ ਜੀ ਦੇ ਜੀਜਾ ਜੀ ਸਨ । ਆਪਣੇ ਇੱਕਲੌਤੇ ਤੇ ਮਿੱਠਬੋਲੜੇ ਸਾਲੇ ਨਾਲ ਪਿਆਰ ਹੋਣਾ ਸੁਭਾਵਿਕ ਹੀ ਸੀ, ਪਰ ਉਨ੍ਹਾਂ ਨੇ ਕਦੇ ਵੀ ਜੀਜਾ ਹੋਣ ਵਰਗਾ ਵਰਤਾਉ ਗੁਰੂ ਜੀ ਨਾਲ ਨਹੀਂ ਕੀਤਾ । ਉਹ ਜਾਣਦੇ ਸਨ ਕਿ ਗੁਰੂ ਜੀ ਦੀ ਰੁਚੀ ਭਗਤੀ ਵੱਲ ਹੈ । ਇਸ ਕਾਰਣ ਉਹ ਗੁਰੂ ਜੀ ਦਾ ਉਵੇਂ ਹੀ ਸਤਿਕਾਰ ਕਰਦੇ ਸਨ, ਜਿਵੇਂ ਕਿਸੇ ਪ੍ਰਭੂ-ਭਗਤ ਦਾ ਕਰਨਾ ਚਾਹੀਦਾ ਹੈ । ਇੱਥੇ ਦੁਨੀਆਵੀ ਰਿਸ਼ਤੇਦਾਰੀ ਦੇ ਪਿਆਰ ਵਿੱਚ ਅਧਿਆਤਮਿਕਤਾ ਘੁੱਲਦੀ ਦਿੱਖਦੀ ਹੈ । ਪਿਤਾ ਕਾਲੂ ਜੀ ਦੇ ਕੌੜੇ ਬਚਨ ਗੁਰੂ ਜੀ ਨੂੰ ਨਾ ਸੁਣਨੇ ਪੈਣ, ਇਸੇ ਲਈ ਉਨ੍ਹਾਂ ਨੇ ਗੁਰੂ ਜੀ ਨੂੰ ਆਪਣੇ ਕੋਲ ਸੁਲਤਾਨਪੁਰ ਸੱਦ ਲਿਆ । ਜਦੋਂ ਗੁਰੂ ਜੀ ਸੁਲਤਾਨਪੁਰ ਪੁੱਜ ਗਏ, ਤਾਂ ਸ੍ਰੀ ਜੈਰਾਮ ਜੀ ਨੇ ਗੁਰੂ ਜੀ ਨੂੰ ਕਿਹਾ ਸੀ ਕਿ ਜੇ ਉਹ ਚਾਹੁਣ, ਤਾਂ ਬੇਸ਼ਕ ਕੋਈ ਦੁਨੀਆਵੀ ਕੰਮ-ਧੰਧਾ ਨਾ ਕਰਨ । ਬੱਸ ਉਨ੍ਹਾਂ ਕੋਲ ਹੀ ਰਹਿਣ । ਇੱਥੇ ਖ਼ੁਸ਼ਹਾਲ ਵੱਸਦੇ ਅਤਿਅੰਤ ਧਾਰਮਿਕ ਪ੍ਰਵਿਰਤੀ ਵਾਲੇ ਵਿਅਕਤੀ ਦਾ ਅਕਸ ਉਭਰਦਾ ਹੈ, ਜੋ ਕਿਸੇ ਸਾਧੂ ਦੀ ਭਰਪੂਰ ਸੇਵਾ ਕਰਨਾ ਚਾਹੁੰਦਾ ਹੈ । ਇੱਥੇ ਭਾਈਆ ਜੈਰਾਮ ਦੇ ਪਿਆਰ ਦਾ ਰੂਪ ਸਾਧੂ ਤੇ ਭਗਤ ਦੇ

ਪਿਆਰ ਵਾਲਾ ਹੋ ਜਾਂਦਾ ਹੈ । ਜੈਰਾਮ ਜੀ ਦੇ ਮਨ ਵਿੱਚ ਗੁਰੂ ਜੀ ਲਈ ਪਿਆਰ ਦੇ ਕੇਵਲ ਇਹ ਹੀ ਦੋ ਰੂਪ ਨਹੀਂ ਹਨ । ਇਤਿਹਾਸ ਤੋਂ ਅਜਿਹਾ ਸੰਕੇਤ ਮਿਲਦਾ ਹੈ ਕਿ ਜੈਰਾਮ ਜੀ ਤੇ ਬੇਬੇ ਨਾਨਕੀ ਦੀ ਕੋਈ ਔਲਾਦ ਨਹੀਂ ਸੀ । ਬੇਔਲਾਦ ਦੰਪਤੀ ਹੀ ਸਮਝ ਸਕਦੇ ਹਨ ਕਿ ਬੱਚੇ ਦੀ ਕਿਲਕਾਰੀ ਸੁਣਨ ਦੀ ਤੜਪ ਕੀ ਹੁੰਦੀ ਹੈ । ਸ੍ਰੀ ਜੈਰਾਮ ਜੀ ਗੁਰੂ ਮਹਾਰਾਜ ਨਾਲ ਬੱਚਿਆਂ ਵਰਗਾ ਸਲੂਕ ਕਰਦੇ ਵੀ ਮਹਿਸੂਸ ਹੁੰਦੇ ਹਨ । ਜਦੋਂ ਗੁਰੂ ਸਾਹਿਬ ਜੀ ਉਦਾਸੀਆਂ ਲਈ ਚਲੇ ਗਏ ਤੇ ਮਾਤਾ ਸੁਲਖਣੀ ਜੀ ਆਪਣੇ ਪੇਕੇ ਘਰ ਚਲੇ ਗਏ, ਤਾਂ ਗੁਰੂ ਜੀ ਦੇ ਸਾਹਿਬਜ਼ਾਦੇ ਸ੍ਰੀ ਚੰਦ ਹੀ ਜੈਰਾਮ ਜੀ ਦੇ ਘਰ ਦੀ ਰੌਣਕ ਬਣੇ । ਜੈਰਾਮ ਜੀ ਦਾ ਪਿਆਰ ਹੋਰ ਸਫ਼ਰ ਤੈਅ ਕਰਦਾ ਹੈ, ਤਾਂ ਉਹ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਰੂਪ ਵਿੱਚ ਸਵੀਕਾਰ ਕਰਦੇ ਹਨ ।

ਸ੍ਰੀ ਜੈਰਾਮ ਜੀ ਪਿਆਰ ਦੀ ਅਸੀਮਿਤਤਾ ਦਾ ਪ੍ਰਤੀਕ ਹਨ । ਸ੍ਰੀ ਜੈਰਾਮ ਜੀ ਪਿਆਰ ਦੀ ਪਵਿੱਤਰਤਾ ਦਾ ਚਿੰਨ੍ਹ ਹਨ । ਉਹ ਐਸੇ ਵਿਅਕਤੀ ਹਨ, ਜਿਨ੍ਹਾਂ ਨੇ ਇਸ਼ਕ ਹਕੀਕੀ ਤੱਕ ਦਾ ਪੈਂਡਾ ਤੈਅ ਕੀਤਾ ਹੈ । ਉਹ ਐਸੇ ਵਿਅਕਤੀ ਹਨ, ਜਿਨ੍ਹਾਂ ਨੇ ਬਹੁਤ ਸਮਾਂ ਨੂਰ-ਏ-ਇਲਾਹੀ, ਜ਼ਾਹਰ ਪੀਰ, ਜਗਤਗੁਰੂ, ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਾਥ ਮਾਣਿਆ ਹੈ । ਉਹ ਐਸੇ ਵਿਅਕਤੀ ਹਨ, ਜਿਨ੍ਹਾਂ ਬਾਰੇ ਘੱਟ ਹੀ ਲਿੱਖਿਆ ਜਾਂ ਆਖਿਆ ਗਿਆ ਹੈ । ਉਹ ਐਸੇ ਵਿਅਕਤੀ ਹਨ, ਜਿਨ੍ਹਾਂ ਦੇ ਪੈਰ ਚੁੰਮ ਲੈਣ ਨੂੰ ਜੀਅ ਕਰਦਾ ਹੈ ।

ਇੰਨੇ ਨੂੰ ਬੀਬੀ ਤੁਲਸਾਂ ਨੇ ਉੱਚੀ ਆਵਾਜ਼ ਵਿੱਚ ਕਿਹਾ, "ਬਹੂ, ਕੰਵਲ ਵਰਗੇ ਮੁੱਖੜੇ ਵਾਲੇ ਵੀਰ (ਨਾਨਕ) ਜੀ ਆ ਗਏ ਹਨ ।"

ਗੁਰੂ ਜੀ ਦਾ ਆਉਣਾ ਸੁਣ ਕੇ ਜੈਰਾਮ ਜੀ ਅਤਿਅੰਤ ਖ਼ੁਸ਼ ਹੋਏ । ਗੁਰੂ ਜੀ ਨੇ ਜੈਰਾਮ ਜੀ ਦੇ ਘਰ ਅੰਦਰ ਪ੍ਰਵੇਸ਼ ਕੀਤਾ । ਜੈਰਾਮ ਜੀ ਤੇ ਬੇਬੇ ਨਾਨਕੀ ਜੀ ਨੇ ਗੁਰੂ ਸਾਹਿਬ ਜੀ ਨੂੰ ਨਮਸ਼ਕਾਰ ਕੀਤੀ ਤੇ ਆਦਰ ਨਾਲ ਬਿਠਾਇਆ। ਗੁਰੂ ਜੀ ਨੂੰ ਦੇਖ ਕੇ ਭਾਈਆ ਜੈਰਾਮ ਜੀ ਦੀ ਸਾਰੀ ਚਿੰਤਾ ਦੂਰ ਹੋ ਗਈ ।

ਨਮਾਜ਼ ਵਾਲੀ ਘਟਨਾ ਸੁਣਨ ਲਈ ਜੈਰਾਮ ਜੀ ਬੇਤਾਬ ਸਨ । ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਰਾ ਵ੍ਰਿਤਾਂਤ ਸੁਣਾਇਆ ਜਾਏ । ਗੁਰੂ ਜੀ ਨੇ ਕਿਹਾ ਕਿ ਜੋ ਬੀਤ ਗਈ, ਉਸ ਬਾਰੇ ਕੀ ਗੱਲ ਕਰਨੀ ਹੈ; ਪਰ ਜੈਰਾਮ ਜੀ ਵਾਰ-ਵਾਰ ਬੇਨਤੀ ਕਰਦੇ ਰਹੇ ਕਿ ਨਮਾਜ਼ ਵਾਲਾ ਵ੍ਰਿਤਾਂਤ ਗੁਰੂ ਜੀ ਸੁਣਾਉਣ । ਜੈਰਾਮ ਜੀ ਦੀ ਬੇਨਤੀ ਪ੍ਰਵਾਨ ਕਰ ਕੇ ਗੁਰੂ ਜੀ ਨੇ ਨਮਾਜ਼ ਵਾਲੀ ਸਾਰੀ ਘਟਨਾ ਸੁਣਾ ਦਿੱਤੀ, ਜਿਸ ਨੂੰ ਸੁਣ ਕੇ ਭਾਈਆ ਜੈਰਾਮ ਜੀ, ਬੇਬੇ ਨਾਨਕੀ, ਪ੍ਰੋਹਿਤ ਨਿੱਧਾ ਜੀ ਤੇ ਬੀਬੀ ਤੁਲਸਾਂ ਜੀ ਬੜੇ ਖ਼ੁਸ਼ ਹੋਏ ।

ਛੇਤੀ ਹੀ ਉਹ ਸਮਾਂ ਵੀ ਆ ਪਹੁੰਚਾ, ਜਦੋਂ ਸਤਿਗੁਰੂ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਪਹਿਲੀ ਉਦਾਸੀ ਲਈ ਰਵਾਨਾ ਹੋਏ ।

ਕਈ ਸਾਲਾਂ ਬਾਅਦ ਜਦੋਂ ਗੁਰੂ ਜੀ ਨੇ ਆਪਣੀ ਪਹਿਲੀ ਉਦਾਸੀ ਤੋਂ ਪਰਤੇ, ਤਾਂ ਉਹ ਸੁਲਤਾਨਪੁਰ ਵਿਖੇ ਬੇਬੇ ਨਾਨਕੀ ਜੀ ਅਤੇ ਭਾਈਆ ਜੈਰਾਮ ਜੀ ਨੂੰ ਮਿਲਣ ਲਈ ਆਏ ਸਨ। ਬੇਬੇ ਨਾਨਕੀ ਜੀ ਤੇ ਭਾਈਆ ਜੈਰਾਮ ਜੀ ਨੂੰ ਮਿਲ ਕੇ ਹੀ ਗੁਰੂ ਜੀ ਆਪਣੇ ਪਿੰਡ ਤਲਵੰਡੀ ਗਏ।

ਭਾਈਆ ਜੈ ਰਾਮ ਜੀ ਤੇ ਬੇਬੇ ਨਾਨਕੀ ਜੀ ਗੁਰੂ ਜੀ ਦੀ ਆਖ਼ਰੀ ਉਦਾਸੀ ਦੇ ਸਮੇਂ ਤੱਕ ਇਸ ਨਾਸ਼ਵਾਨ ਸੰਸਾਰ ਤੋਂ ਵਿਦਾ ਲੈ ਕੇ ਸੱਚਖੰਡ ਬਿਰਾਜ ਚੁੱਕੇ ਸਨ।